SED-EDU404/37/2023-6EDU4 I/1167774/2025

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ 4 ਸ਼ਾਖਾ)

**(ਪੰਜਾਬ ਦੇ ਰਾਜਪਾਲ ਜੀ ਦੇ ਆਦੇਸ਼)**

ਸ੍ਰੀ ਸੁਖਦੇਵ ਸਿੰਘ, ਪ੍ਰਿੰਸੀਪਲ, ਸਸਸਸ ਨਿਹਾਲਖੇੜਾ, ਫਾਜ਼ਿਲਕਾ ਨੇ 60 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮਿਤੀ 31.07.2025 ਨੂੰ ਸੇਵਾ ਨਿਵਰਿਤ ਹੋਣਾ ਸੀ। ਉਸ ਵੱਲੋਂ ਸਟੇਟ ਐਵਾਰਡੀ ਹੋਣ ਕਾਰਨ ਮਿਤੀ 01.08.2025 ਤੋਂ 31.07.2026 ਤੱਕ ਵਾਧਾ ਲੈਣ ਲਈ ਪੋਰਟਲ ਤੇ ਪ੍ਰਤੀਬੇਨਤੀ ਕੀਤੀ ਸੀ।

2. ਅਧਿਕਾਰੀ ਵੱਲੋਂ ਮਿਤੀ 01.07.2025 ਨੂੰ ਆਨਲਾਈਨ ਪੋਰਟਲ ਤੇ ਸਟੇਟ ਐਵਾਰਤੀ ਹੋਣ ਕਾਰਨ ਮਿਤੀ 01.08.2025 ਤੋਂ 31.07.2026 ਤੱਕ ਸੇਵਾਕਾਲ ਵਿੱਚ ਵਾਧੇ ਲਈ ਅਪਲਾਈ ਕੀਤਾ ਗਿਆ। ਕਿਉਂ ਕਿ ਸਬੰਧਿਤ ਅਧਿਕਾਰੀ ਵਿਰੁੱਧ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨ (ਸਜ਼ਾ ਤੇ ਅਪੀਲ)ਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਦੀ ਪੜਤਾਲ ਸ੍ਰੀ ਗੁਰਦੀਪ ਸਿੰਘ ਪੀ.ਸੀ.ਐਸ.(ਰਿਟਾ.) ਵੱਲੋਂ ਕਰਨ ਉਪਰੰਤ ਉਸ ਖਿਲਾਫ ਦੋਸ਼ ਸਿੱਧ ਹੋਣੇ ਕਰਾਰ ਕੀਤੇ ਗਏ ਸਨ। ਇਸ ਲਈ ਪੜਤਾਲ ਰਿਪੋਰਟ ਦੇ ਆਧਾਰ ਤੇ **ਸ੍ਰੀ ਸੁਖਦੇਵ ਸਿੰਘ, ਪ੍ਰਿੰਸੀਪਲ, ਸਸਸਸ ਨਿਹਾਲਖੇੜਾ, ਫਾਜ਼ਿਲਕਾ ਨੂੰ ਪੈਨਸ਼ਨ ਕੱਟ 10% ਤਿੰਨ ਸਾਲ ਲਈ ਉਨਾਂ ਦੀ ਸੇਵਾ ਨਿਵਿਰਤੀ ਜੋ ਕਿ ਮਿਤੀ 31.07.2025 ਹੈ**, ਤੋਂ ਬਾਅਦ ਕਰਨ ਦੀ ਸਜ਼ਾ ਦਿੱਤੀ ਗਈ ਹੈ। ਇਸ ਲਈ ਸਰਕਾਰ ਵੱਲੋਂ ਅਧਿਕਾਰੀ ਦੇ ਕੇਸ ਨੂੰ ਵਿਚਾਰਨ ਉਪਰੰਤ ਸ੍ਰੀ ਸੁਖਦੇਵ ਸਿੰਘ, ਪ੍ਰਿੰਸੀਪਲ, ਸਸਸਸ ਨਿਹਾਲਖੇੜਾ, ਫਾਜ਼ਿਲਕਾ ਨੂੰ ਮਿਤੀ 01.08.2025 ਤੋਂ 31.07.2026 ਤੱਕ ਸੇਵਾਕਾਲ ਵਿੱਚ ਵਾਧੇ ਲਈ ਦਿੱਤੀ ਗਈ ਪ੍ਰਤੀਬੇਨਤੀ ਨੂੰ ਰੱਦ ਕੀਤਾ ਜਾਂਦਾ ਹੈ।

ਮਿਤੀ, ਚੰਡੀਗੜ੍ਹ:
02.08.2025

ਅਨਿੰਦਿਤਾ ਮਿਤਰਾ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ ।

ਪਿੰਠ.ਅੰਕਣ.ਨੰ:/ਉਕਤ SED-EDU404/37/2023-6EDU4 I/1167774/2025 ਮਿਤੀ,ਚੰਡੀਗੜ੍ਹ: 04.08.2025

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਲੇਖਾ ਤੇ ਹਕਦਾਰੀ), ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ 8 ਮੋਹਾਲੀ।
3. ਜਿਲਾ ਖਜਾਨਾ ਅਫਸਰ, ਫਰੀਦਕੋਟ
4. ਜਿਲਾ ਸਿੱਖਿਆ ਅਫਸਰ (ਸੈ.ਸਿ.), ਫਾਜ਼ਿਲਕਾ
5. ਡੀ.ਐਮ.ਐਮ.ਆਈ .ਐਸ. ਵਿੰਗ ਦਫਤਰ ਡੀ.ਜੀ.ਐਸ.ਈ. ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।
6. ਸ੍ਰੀ ਸੁਖਦੇਵ ਸਿੰਘ, ਪ੍ਰਿੰਸੀਪਲ, ਸਸਸਸ ਨਿਹਾਲਖੇੜਾ, ਫਾਜ਼ਿਲਕਾ ਮਾਰਫਤ ਜਿਲਾ ਸਿੱਖਿਆ ਅਫਸਰ (ਸੈ.ਸਿ) ਫਾਜ਼ਿਕਲਾ।

ਅਧੀਨ ਸਕੱਤਰ, ਸਕੂਲ ਸਿੱਖਿਆ ਵਿਭਾਗ।

5/8/25